# ਬੱਸ ਕੰਡਕਟਰ

ਬੱਸ ਕੰਡਕਟਰ ਕਹਾਣੀ ਦਲੀਪ ਕੌਰ ਟਿਵਾਣਾ ਦੀ ਲਿਖੀ ਹੋਈ ਹੈ। ਇਸ ਕਹਾਣੀ ਵਿੱਚ ਦੋ ਪਾਤਰ ਹਨ। ਇੱਕ ਬੱਸ ਕੰਡਕਟਰ ਜੀਤ ਅਤੇ ਦੂਜੀ ਲੇਡੀ ਡਾਕਟਰ ਪਾਲੀ। ਡਾਕਟਰ ਪਾਲੀ ਦੀ ਬਦਲੀ ਨਾਭੇ ਤੋਂ ਪਟਿਆਲੇ ਹੋ ਜਾਂਦੀ ਹੈ। ਜਿਸ ਕਾਰਨ ਉਹ ਹਰ ਰੋਜ਼ ਬੱਸ ਦਾ ਸਫ਼ਰ ਕਰਦੀ ਹੈ। ਲੇਡੀ ਡਾਕਟਰ ਪਾਲੀ ਬੱਸਾਂ ਦੇ ਭੀੜ ਭੜੱਕੇ ਤੋਂ ਨਫ਼ਰਤ ਕਰਦੀ ਸੀ। ਜਿਸ ਦਿਨ ਜੀਤ ਕੰਡਕਟਰ ਦੀ ਬੱਸ ਹੁੰਦੀ ਤਾਂ ਉਹ ਉਸਨੂੰ ਸੀਟ ਦਵਾ ਦਿੰਦਾ ਸੀ। ਜਿਸ ਕਰਕੇ ਉਸਦੀ ਬੱਸ ਵਿੱਚ ਪਾਲੀ ਰਾਹਤ ਮਹਿਸੂਸ ਕਰਦੀ ਸੀ। ਕਈ ਵਾਰ ਜੀਤ ਉਸਦੀ ਟਿਕਟ ਵੀ ਨਹੀਂ ਕਟਦਾ ਸੀ। ਲੇਡੀ ਡਾਕਟਰ ਉਸ ਨੂੰ ਚੰਗਾ ਆਦਮੀ ਸਮਝਦੀ ਸੀ। ਪਰ ਓਹ ਹੈਰਾਨ ਹੁੰਦੀ ਸੀ ਕਿ ਕੰਡਕਟਰ ਉਸਦੀ ਟਿਕਟ ਕਿਉਂ ਨਹੀ ਕੱਟਦਾ। ਇੱਕ ਦਿਨ ਚੈਕਰ ਬੱਸ ਵਿੱਚ ਚੜ੍ਹ ਜਾਂਦਾ ਹੈ। ਪਾਲੀ ਬਹੁਤ ਡਰ ਜਾਂਦੀ ਹੈ ਕਿ ਮੇਰੇ ਕੋਲ ਤਾਂ ਟਿਕਟ ਨਹੀਂ ਹੈ। ਜਦੋਂ ਚੈਕਰ ਪਾਲੀ ਕੋਲੋ ਟਿਕਟ ਮੰਗਦਾ ਹੈ ਤਾਂ ਜੀਤ ਜਲਦੀ ਹੀ ਆਪਣੀ ਜੇਬ ਵਿੱਚੋਂ ਟਿਕਟ ਕੱਢ ਕੇ ਚੈਕਰ ਨੂੰ  ਦੇ ਦਿੰਦਾ ਹੈ।